ਵਲੋਂ

ਡਾਇਰੈਕਟਰ, ਖੁਰਾਕ, ਸਿਵਲ ਸਪਲਾਈਜ਼
ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ।

ਸੇਵਾ ਵਿਖੇ,

ਸਮੂਹ ਜਿਲ੍ਹਾ ਕੰਟਰੋਲਰ,
ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਪੰਜਾਬ ਰਾਜ ਵਿਚ ।

ਮੀਮੋ ਨੰ. 1ਖਵ(110-ਏ)-2016/ *1858*
ਮਿਤੀ, ਚੰਡੀਗੜ੍ਹ *01/09/2016*

**ਵਿਸ਼ਾ :** **ਨਵੀਂਆਂ ਸਸਤੇ ਭਾਅ ਦੀਆਂ ਦੁਕਾਨਾਂ (ਰਾਸ਼ਨ ਡਿਪੂ) ਖੋਲਣ ਸਬੰਧੀ ਪਾਲਿਸੀ ਬਾਰੇ।**

ਹਵਾਲਾ, ਇਸ ਦਫਤਰ ਦਾ ਮੀਮੋ ਨੰ 1ਖਵ(110-ਏ)-2016/ 1284-85 ਮਿਤੀ 15.06.2016, ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਰਾਜ ਵਿਚ ਨੈਸ਼ਨਲ ਫੂਡ ਸਕਿਓਰਿਟੀ ਐਕਟ 2013 ਅਤੇ ਪੰਜਾਬ ਟਾਰਗੇਟੈਡ ਪਬਲਿਕ ਡਿਸਟ੍ਰਿਬਿਊਸ਼ਨ ਸਿਸਟਮ (ਲਾਇਸੰਸਿੰਗ ਅਤੇ ਕੰਟਰੋਲ) ਆਰਡਰ, 2016 ਲਾਗੂ ਹੋਣ ਉਪਰੰਤ ਹਵਾਲੇ ਅਧੀਨ ਪੱਤਰ ਰਾਹੀਂ ਇਸ ਦਫਤਰ ਵਲੋਂ ਰਾਜ ਵਿਚ ਸਸਤੇ ਭਾਅ ਦੀਆਂ ਦੁਕਾਨਾਂ (ਰਾਸ਼ਨ ਡਿਪੂ) ਦੀਆਂ ਖਾਲੀ ਅਸਾਮੀਆਂ ਭਰਨ ਸਬੰਧੀ ਪਾਲਿਸੀ ਜਾਰੀ ਕੀਤੀ ਗਈ ਸੀ। ਇਸ ਪਾਲਿਸੀ ਸਬੰਧੀ ਕੁਝ ਜਿਲ੍ਹਾ ਦਫਤਰਾਂ ਵਲੋਂ ਸਪਸ਼ਟੀਕਰਨ ਮੰਗੇ ਗਏ ਹਨ ਅਤੇ ਕੁਝ ਵਲੋਂ ਸੁਝਾਅ ਦਿੱਤੇ ਗਏ ਹਨ, ਜਿਨ੍ਹਾਂ ਦੇ ਸਨਮੁੱਖ, ਰਾਸ਼ਨ ਡਿਪੂ ਦੀਆਂ ਖਾਲੀ ਅਸਾਮੀਆਂ ਭਰਨ ਸਬੰਧੀ ਪਹਿਲਾਂ ਹਵਾਲੇ ਅਧੀਨ ਪੱਤਰ ਰਾਹੀਂ ਜਾਰੀ ਪਾਲਿਸੀ ਵਿਚ ਹੇਠ ਅਨੁਸਾਰ ਸੋਧ ਕਰਨ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਇਸ ਪਾਲਿਸੀ ਨੂੰ ਹੋਰ ਅਸਰਦਾਰ ਅਤੇ ਸਪਸ਼ਟ ਕੀਤਾ ਜਾ ਸਕੇ:-

i. ਸ਼ਹਿਰੀ ਇਲਾਕਿਆਂ ਵਿਚ ਖਾਲੀ ਵਕੈਂਸੀਆਂ ਦੀ ਗਿਣਤੀ : ਜੇਕਰ ਇੱਕ ਤੋਂ ਵੱਧ ਵਾਰਡਾਂ ਨੂੰ ਜੋੜਕੇ ਰਾਸ਼ਨ ਕਾਰਡਾਂ ਦੀ ਗਿਣਤੀ 300 ਜਾਂ ਉਸ ਤੋਂ ਵੱਧ ਬਣਦੀ ਹੋਵੇ ਤਾਂ ਲਾਭਪਾਤਰੀਆਂ ਦੀ ਸਹੂਲਤ ਅਤੇ ਬਿਨੈਕਾਰਾਂ ਦੀ ਯੋਗਤਾ ਦੇ ਆਧਾਰ ਤੇ ਕਮੇਟੀ ਆਪਣੇ ਪੱਧਰ ਤੇ ਫੈਸਲਾ ਕਰੇਗੀ ਕਿ ਉਨ੍ਹਾਂ ਵਾਰਡਾਂ ਲਈ ਰਾਸ਼ਨ ਡਿਪੂ ਕਿਸ ਵਾਰਡ ਵਿਚ ਖੋਲਣਾ ਯੋਗ ਹੋਵੇਗਾ। ਕਮੇਟੀ ਦੇ ਫੈਸਲੇ ਅਨੁਸਾਰ ਉਸ ਚੁਣੇ ਹੋਏ ਵਾਰਡ ਵਿਚ ਸਥਾਨਕ 150 ਤੋਂ ਘੱਟ ਰਾਸ਼ਨ ਕਾਰਡ ਹੋਣ ਤੇ ਵੀ ਰਾਸ਼ਨ ਡਿਪੂ ਖੋਲਿਆ ਜਾ ਸਕਦਾ ਹੈ।

ii. ਹਰੇਕ ਪਿੰਡ'ਚ ਇੱਕ ਰਾਸ਼ਨ ਡਿਪੂ ਅਤੇ ਇੱਕ ਪਿੰਡ'ਚ ਹਰ 200 ਰਾਸ਼ਨ ਕਾਰਡਾਂ ਦੀ ਗਿਣਤੀ ਪੂਰੀ ਹੋਣ ਤੋਂ ਬਾਅਦ ਨਵਾਂ ਰਾਸ਼ਨ ਡਿਪੂ ਖੋਲਿਆ ਜਾ ਸਕਦਾ ਹੈ।

iii. ਜਮਾਨਤੀ ਰਕਮ (ਨਾ-ਮੋੜਵੀਂ)-2500/- ਰੁਪਏ (ਐਸ.ਸੀ., ਵਿਧਵਾਵਾਂ, ਐਸਿਡ ਅਟੈਕ ਵਿਕਟਮਜ਼ ਅਤੇ ਦੰਗਾ ਪੀੜਤ/ਅੱਤਵਾਦ ਪਰਿਭਾਵਤ ਪਰਿਵਾਰਾਂ ਲਈ 1000/- ਰੁਪਏ)। ਇਹ ਜਮਾਨਤੀ ਰਕਮ ਉਸੇ ਸਰਕਾਰੀ ਹੈੱਡ ਅਧੀਨ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਈ ਜਾਵੇ, ਜਿਸ ਵਿਚ ਪਹਿਲਾਂ ਲਾਇਸੰਸ ਫੀਸ ਜਮ੍ਹਾਂ ਕਰਵਾਈ ਜਾਂਦੀ ਹੈ।

iv. ਜੇਕਰ ਕਿਸੇ ਬਿਨੈਕਾਰ ਵਲੋਂ ਵਿਭਾਗ ਨੂੰ ਆਪਣੇ ਪੈਨ ਨੰਬਰ/ ਕਾਰਡ ਦੀ ਕਾਪੀ ਨਹੀਂ ਦਿੱਤੀ ਜਾਂਦੀ ਤਾਂ ਉਸਨੂੰ ਰਾਸ਼ਨ ਡਿਪੂ ਅਲਾਟ ਹੋਣ ਦੀ ਸੂਰਤ ਵਿਚ, ਭਵਿੱਖ ਵਿਚ ਉਸਨੂੰ ਅਦਾ ਕਰਨ ਯੋਗ ਰਾਸ਼ੀ/ ਮਾਰਜਨ ਵਿਚੋਂ ਇਨਕਮ ਟੈਕਸ ਐਕਟ ਤਹਿਤ ਉਪਬੰਧ ਅਨੁਸਾਰ ਵਾਧੂ ਟੀ.ਡੀ.ਐਸ ਕੱਟਿਆ ਜਾਵੇਗਾ।

v. ਜੇਕਰ ਕਿਸੇ ਬਿਨੈਕਾਰ ਨੂੰ ਵਿਭਾਗ ਵਲੋਂ ਪਹਿਲਾਂ ਅਲਾਟ ਰਾਸ਼ਨ ਡਿਪੂ ਲਾਇਸੰਸ, ਕਿਸੇ ਸ਼ਿਕਾਇਤ ਜਾਂ ਰਾਸ਼ਨ ਖੁਰਦ ਬੁਰਦ ਕਰਨ ਦੇ ਕੇਸ ਵਿਚ ਕੈਂਸਲ ਹੋਇਆ ਹੋਵੇ ਤਾਂ ਉਸ ਨੂੰ ਨਵਾਂ ਰਾਸ਼ਨ ਡਿਪੂ ਅਲਾਟ ਕਰਨ ਲਈ ਵਿਚਾਰਿਆ ਨਹੀਂ ਜਾਵੇਗਾ।

vi. ਰਾਸ਼ਨ ਡਿਪੂਆਂ ਦੀ ਅਲਾਟਮੈਂਟ ਸਬੰਧੀ ਪਾਲਿਸੀ ਅਨੁਸਾਰ ਵੱਖ-ਵੱਖ ਕੈਟਾਗਰੀਆਂ ਨੂੰ ਦਿੱਤਾ ਜਾਣਾ ਰਾਖਵਾਂਕਰਨ, ਜਿਲ੍ਹੇ ਵਿਚ ਕੁੱਲ ਬਣਦੀਆਂ ਵਕੈਂਸੀਆਂ ਦੇ ਆਧਾਰ ਤੇ ਕੈਲਕੂਲੇਟ ਕੀਤਾ ਜਾਵੇ। ਜਿਲ੍ਹੇ ਵਿਚ ਰਾਸ਼ਨ ਕਾਰਡਾਂ ਦੀ ਗਿਣਤੀ/ ਪਾਲਿਸੀ ਅਨੁਸਾਰ ਵੱਖ-ਵੱਖ ਕੈਟਾਗਰੀਆਂ ਕੁੱਲ ਬਣਦੀਆਂ ਵਕੈਂਸੀਆਂ ਵਿਚ ਮੌਜੂਦਾ ਕੰਮ ਕਰ ਰਹੇ ਰਾਸ਼ਨ ਡਿਪੂ ਘਟਾਕੇ ਹਰ ਕੈਟਾਗਰੀ ਲਈ ਬਣਦੀਆਂ ਵਕੈਂਸੀਆਂ ਕੈਲਕੂਲੇਟ ਕੀਤੀਆਂ ਜਾਣ। ਕਿਸ ਕੈਟਾਗਰੀ ਨੂੰ

Scanned with CamScanner

ਕਿਥੇ ਰਾਸ਼ਨ ਡਿਪੂ ਅਲਾਟ ਕੀਤਾ ਜਾਣਾ ਹੈ, ਇਸਦਾ ਫੈਸਲਾ ਡਿਪੂ ਅਲਾਟਮੈਂਟ ਕਮੇਟੀ ਵਲੋਂ ਪ੍ਰਾਪਤ ਬਿਨੈਪੱਤਰਾਂ ਅਤੇ ਕੁੱਲ ਉਪਲਬਧ ਵਕੈਂਸੀਆਂ ਦੇ ਆਧਾਰ ਤੇ ਕੀਤਾ ਜਾਵੇ।

vii. ਕੇਵਲ ਸਾਬਕਾ ਫੌਜੀ ਅਤੇ ਸੁਤੰਤਰਤਾ ਸੈਨਾਨੀ ਕੈਟਾਗਰੀ ਤਹਿਤ ਉਨ੍ਹਾਂ ਦੇ ਵਾਰਿਸਾਂ ਨੂੰ ਵਿਚਾਰਿਆ ਜਾ ਸਕਦਾ ਹੈ ਬਸ਼ਰਤੇ ਕਿ ਇੱਕ ਪਰਿਵਾਰ'ਚ/ ਇਕੱਠੇ ਰਹਿੰਦੇ ਹੋਣ। ਸਾਬਕਾ ਫੌਜੀਆਂ ਦੇ ਕੇਸ ਵਿਚ ਸਾਬਕਾ ਫੌਜੀਆਂ ਨੂੰ ਪਹਿਲ ਦਿੱਤੀ ਜਾਵੇ ਅਤੇ ਸਾਬਕਾ ਫੌਜੀਆਂ ਲਈ ਰਾਖਵੀਂ ਵਕੈਂਸੀਆਂ ਅਨੁਸਾਰ ਬਿਨੈਪੱਤਰ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ ਸਾਬਕਾ ਫੌਜੀਆਂ ਦੇ ਵਾਰਸਾਂ ਨੂੰ ਇਸ ਕੈਟਾਗਰੀ ਤਹਿਤ ਰਾਸ਼ਨ ਡਿਪੂ ਅਲਾਟ ਕਰਨ ਲਈ ਵਿਚਾਰਿਆ ਜਾ ਸਕਦਾ ਹੈ। ਅਜਿਹੇ ਕੇਸਾਂ ਵਿਚ ਬਿਨੈਕਾਰਾਂ ਨੂੰ ਸਾਬਕਾ ਫੌਜੀ ਅਤੇ ਸੁਤੰਤਰਤਾ ਸੈਨਾਨੀ ਦੇ ਵਾਰਸ ਹੋਣ ਸਬੰਧੀ ਦਸਤਾਵੇਜ਼ੀ ਸਬੂਤ ਦੇਣਾ ਲਾਜ਼ਮੀ ਹੋਵੇਗਾ।

viii. ਜਿਥੇ ਕਿਤੇ ਮਾਨਯੋਗ ਅਦਾਲਤ ਵਿਚ ਚੱਲ ਰਹੇ ਕੇਸਾਂ ਵਿਚ ਨਵਾਂ ਰਾਸ਼ਨ ਡਿਪੂ ਅਲਾਟ ਕਰਨ ਸਬੰਧੀ ਪਹਿਲਾਂ ਤੋਂ ਪੈਡਿੰਗ ਪਏ ਬਿਨੈਪੱਤਰਾਂ ਨੂੰ ਅਲਾਟਮੈਂਟ ਸਮੇਂ ਵਿਚਾਰਣ ਦਾ ਭਰੋਸਾ ਦਿੱਤਾ ਗਿਆ ਹੋਵੇ, ਉਥੇ ਨਵੇਂ ਬਿਨੈਪੱਤਰ ਪ੍ਰਵਾਨ ਕਰਨ ਬਾਰੇ ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਕਾਰਵਾਈ ਕੀਤੀ ਜਾਵੇ। ਜੇਕਰ ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਪਹਿਲਾਂ ਪ੍ਰਾਪਤ ਬਿਨੈਪੱਤਰਾਂ ਨੂੰ ਵਿਚਾਰਿਆ ਜਾਣਾ ਹੈ ਤਾਂ ਸਬੰਧਤ ਬਿਨੈਕਾਰਾਂ ਤੋਂ ਨਵੀਂ ਪਾਲਿਸੀ ਅਨੁਸਾਰ ਮੁਕੰਮਲ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਕਿਹਾ ਜਾਵੇ। ਇਸ ਤੋਂ ਇਲਾਵਾ, ਜੇਕਰ ਜਿਲ੍ਹੇ ਵਿਚ ਨਵੇਂ ਰਾਸ਼ਨ ਡਿਪੂ ਦੀ ਅਲਾਟਮੈਂਟ ਸਬੰਧੀ ਕੋਈ ਬਿਨੈਪੱਤਰ ਪੈਡਿੰਗ ਪਏ ਹੋਣ ਤਾਂ ਉਨ੍ਹਾਂ ਬਿਨੈਕਾਰ ਨੂੰ ਵੀ ਨਵੀਂ ਪਾਲਿਸੀ ਅਨੁਸਾਰ ਮੁਕੰਮਲ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਕਿਹਾ ਜਾਵੇ।

ix. ਜਿਥੇ ਮਾਨਯੋਗ ਅਦਾਲਤ ਵਲੋਂ ਨਵੇਂ ਰਾਸ਼ਨ ਡਿਪੂਆਂ ਦੀ ਅਲਾਟਮੈਂਟ ਤੇ ਰੋਕ ਲਗਾਈ ਗਈ ਹੋਵੇ ਜਾਂ ਵਿਭਾਗ ਵਲੋਂ ਕੋਈ ਆਸ਼ਵਾਸ਼ਨ ਦਿੱਤਾ ਹੋਇਆ ਹੋਵੇ, ਉਥੇ ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਕਰਵਾਈ ਕੀਤੀ ਜਾਵੇ ਅਤੇ ਲੋੜ ਅਨੁਸਾਰ ਮਾਨਯੋਗ ਅਦਾਲਤ ਨੂੰ ਯੋਗ ਹੁਕਮ ਦੇਣ ਲਈ ਬੇਨਤੀ ਕੀਤੀ ਜਾਵੇ। ਪ੍ਰੰਤੂ ਕਿਸੇ ਵੀ ਸੂਰਤ ਵਿਚ ਮਾਨਯੋਗ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਨਾ ਕੀਤੀ ਜਾਵੇ, ਜਿਸ ਲਈ ਸਬੰਧਤ ਜਿ.ਖ.ਸ.ਕੰ ਦੀ ਜ਼ਿੰਮੇਵਾਰੀ ਹੋਵੇਗੀ।

x. ਜੇਕਰ ਕਿਸੇ ਕੈਂਸਲ ਕੀਤੇ ਗਏ ਰਾਸ਼ਨ ਡਿਪੂ ਸਬੰਧੀ ਮਾਮਲਾ ਅਦਾਲਤ ਵਿਚ ਪੈਡਿੰਗ ਹੋਵੇ ਜਾਂ ਸਾਬਕਾ ਡਿਪੂ ਹੋਲਡਰ ਦੀ ਅਪੀਲ ਪੈਡਿੰਗ ਹੋਵੇ ਤਾਂ ਉਥੇ ਨਵਾਂ ਰਾਸ਼ਨ ਡਿਪੂ ਅਲਾਟ ਨਾ ਕੀਤਾ ਜਾਵੇ।

1/9/16

ਸੰਯੁਕਤ ਡਾਇਰੈਕਟਰ (ਖੁਰਾਕ ਵੰਡ),
ਵਾ. ਡਾਇਰੈਕਟਰ, ਖੁਰਾਕ, ਸਿਵਲ ਸਪਲਾਈਜ਼
ਅਤੇ ਖਪਤਕਾਰ ਮਾਮਲੇ, ਪੰਜਾਬ।

ਪਿ.ਅੰ.ਨੰ 1ਖਵ(110-ਏ)-2016/ *1859* ਮਿਤੀ, ਚੰਡੀਗੜ੍ਹ *01/09/2016*

ਉਪਰੋਕਤ ਦਾ ਉਤਾਰਾ, ਸਮੂਹ ਡਿਪਟੀ ਡਾਇਰੈਕਟਰ (ਫੀਲਡ), ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ ਰਾਜ ਵਿਚ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

1/9/11

ਸੰਯੁਕਤ ਡਾਇਰੈਕਟਰ (ਖੁਰਾਕ ਵੰਡ)
ਵਾ. ਡਾਇਰੈਕਟਰ, ਖੁਰਾਕ, ਸਿਵਲ ਸਪਲਾਈਜ਼
ਅਤੇ ਖਪਤਕਾਰ ਮਾਮਲੇ, ਪੰਜਾਬ।

Scanned with CamScanner